## ਲੋਕ ਸੰਪਰਕ ਵਿਭਾਗ, ਚੰਡੀਗੜ੍ਹ ਪ੍ਰਸ਼ਾਸਨ

## www.chandigarh.gov.in

## ਪ੍ਰੈਸ ਨੋਟ

ਚੰਡੀਗੜ੍ਹ, 1 ਸਤੰਬਰ :- ਚੰਡੀਗੜ੍ਹ ਪ੍ਰਸ਼ਾਸਕ ਦੇ ਸਲਾਹਕਾਰ ਸ਼੍ਰੀ ਪ੍ਰਦੀਪ ਮਹਿਰਾ ਨੇ ਅੱਜ ਸਰਕਾਰੀ ਮੈਡੀਕਲ ਕਾਲਜ਼ ਅਤੇ ਹਸਪਤਾਲ ਸੈਕਟਰ 48 ਦੇ ਗੈਸਟ ਹਾਊਸ ਦਾ ਉਦਘਾਟਨ ਕੀਤਾ। ਗੈਸਟ ਹਾਊਸ ਲੱਗਭੱਗ 55 ਲੱਖ ਰੁਪਏ ਦੀ ਕੀਮਤ ਨਾਲ 6566 ਵਰਗ ਫੁੱਟ ਖੇਤਰ ਵਿਚ ਬਣਾਇਆ ਗਿਆ ਹੈ।

ਗੈਸਟ ਹਾਊਸ ਵਿਚ ਵਧੀਆ ਅੰਦਰੂਨੀ ਦਰਵਾਜ਼ੇ, ਨੌਂ ਗੈਸਟ ਕਮਰੇ, ਸਾਰੀਆਂ ਸੁੱਖ ਸਹੂਲਤਾਂ ਵਾਲਾ ਇੱਕ ਡਰਾਇੰਗ ਰੂਮ ਅਤੇ ਡਾਈਨਿੰਗ ਰੂਮ ਅਤੇ ਸੁੰਦਰ ਖੁੱਲ੍ਹਾ ਚਬੂਤਰਾ ਸ਼ਾਮਿਲ ਹੈ। ਇਸ ਮੌਕੇ ਤੇ ਸ਼੍ਰੀ ਪ੍ਰਦੀਪ ਮਹਿਰਾ ਨੇ ਜੀ.ਐਮ.ਸੀ.ਐਚ ਵਿਚ ਗੈਸਟ ਹਾਊਸ ਦੇ ਨਿਰਮਾਣ ਵਿਚ ਇੰਜ਼ਨੀਅਰਿੰਗ ਵਿਭਾਗ ਦੇ ਅਫਸਰਾਂ ਦੁਆਰਾ ਦਿੱਤੀ ਭਾਗੀਦਾਰੀ ਲਈ ਉਹਨਾਂ ਨੂੰ ਪ੍ਰਸੰਸਾ ਸਰਟੀਫਿਕੇਟ ਪ੍ਰਦਾਨ ਕੀਤੇ।

ਗ੍ਰਹਿ ਸਕੱਤਰ ਸ਼੍ਰੀ ਰਾਮ ਨਿਵਾਸ, ਵਿਸ਼ੇਸ਼ ਵਿੱਤ ਸਕੱਤਰ ਸ਼੍ਰੀ ਅਜੋਏ ਸ਼ਰਮਾ, ਚੀਫ ਆਰਕੀਟੈਕਟ ਸ਼੍ਰੀਮਤੀ ਸੁਮਿਤ ਕੌਰ, ਜੀ.ਐਮ.ਸੀ.ਐਚ ਦੇ ਡਾਇਰੈਕਟਰ ਪ੍ਰਿੰਸੀਪਲ ਪ੍ਰੋਫੈਸਰ ਰਾਜ਼ ਬਹਾਦੁਰ, ਕਰਮਚਾਰੀ ਅਤੇ ਹੋਰ ਸੀਨੀਅਰ ਅਧਿਕਾਰੀ ਵੀ ਇਸ ਮੌਕੇ ਤੇ ਸ਼ਾਮਿਲ ਹੋਏ।